# ਅਰਦਾਸ

## ਸਲੋਕ

ਹਰਿ ਸੋ ਹੀਰਾ ਛਾਡਿ ਕੈ
ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ
ਸਤਿ ਭਾਖੈ ਰਵਿਦਾਸ॥

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ, ਕਨਕ ਕਟਿਕ ਜਲ ਤਰੰਗ ਜੈਸਾ॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ, ਪਤਿਤ ਪਾਵਨ ਨਾਮੁ ਕੈਸੇ ਹੁੰਤਾ॥ ਰਹਾਉ॥
ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ, ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ॥
ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ, ਰਵਿਦਾਸ ਸਮ ਦਲ ਸਮਝਾਵੈ ਕੋਊ॥

ਜਪੋ ਜੀ ਸਤਿਨਾਮ

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ, ਹਰਿ ਸਿਮਰਤ ਜਨ ਗਏ ਨਿਸਤਰਿ ਤਰੇ॥ ਰਹਾਉ॥
ਹਰਿ ਕੇ ਨਾਮ ਕਬੀਰ ਉਜਾਗਰ, ਜਨਮ ਜਨਮ ਕੇ ਕਾਟੇ ਕਾਗਰ॥
ਨਿਮਤ ਨਾਮਦੇਉ ਦੂਧੁ ਪੀਆਇਆ, ਤਉ ਜਗ ਜਨਮ ਸੰਕਟ ਨਹੀ ਆਇਆ॥
ਜਨ ਰਵਿਦਾਸ ਰਾਮ ਰੰਗਿ ਰਾਤਾ, ਇਉ ਗੁਰ ਪਰਸਾਦਿ ਨਰਕ ਨਹੀ ਜਾਤਾ॥

ਜਪੋ ਜੀ ਸਤਿਨਾਮ

ਸੁਖ ਸਾਗਰੁ ਸੁਰਤਰ ਚਿੰਤਾਮਨਿ, ਕਾਮਧੇਨੁ ਬਸਿ ਜਾ ਕੇ॥
ਚਾਰਿ ਪਦਾਰਥ ਅਸਟ ਦਸਾ ਸਿਧਿ ਨਵ ਨਿਧਿ ਕਰ ਤਲ ਤਾ ਕੇ॥
ਹਰਿ ਹਰਿ ਹਰਿ ਨ ਜਪਹਿ ਰਸਨਾ, ਅਵਰ ਸਭ ਤਿਆਗਿ ਬਚਨ ਰਚਨਾ॥ ਰਹਾਉ॥
ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ॥
ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ॥
ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ॥
ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ॥

ਜਪੋ ਜੀ ਸਤਿਨਾਮ

ਐਸੀ ਲਾਲ ਤੁਝ ਬਿਨੁ ਕਉਨੁ ਕਰੈ, ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥੧॥ ਰਹਾਉ॥
ਜਾ ਕੀ ਛੋਤਿ ਜਗਤ ਕਉ ਲਾਗੈ, ਤਾ ਪਰ ਤੁਂਹੀ ਢਰੈ॥
ਨੀਚਹ ਊਚ ਕਰੈ ਮੇਰਾ ਗੋਬਿੰਦੁ, ਕਾਹੂ ਤੇ ਨ ਡਰੈ॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥

ਜਪੋ ਜੀ ਸਤਿਨਾਮ

ਦਾਰਿਦੁ ਦੇਖਿ ਸਭ ਕੋ ਹਸੈ, ਐਸੀ ਦਸਾ ਹਮਾਰੀ ॥
ਅਸਟ ਦਸਾ ਸਿਧਿ ਕਰ ਤਲੈ, ਸਭ ਕ੍ਰਿਪਾ ਤੁਮਾਰੀ ॥
ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ, ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ ॥ ਰਹਾਉ ॥
ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ, ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ ॥
ਕਹਿ ਰਵਿਦਾਸ ਅਕਥ ਕਥਾ, ਬਹੁ ਕਾਇ ਕਰੀਜੈ ॥
ਜੈਸਾ ਤੂ ਤੈਸਾ ਤੁਹੀ, ਕਿਆ ਉਪਮਾ ਦੀਜੈ ॥

ਜਪੋ ਜੀ ਸਤਿਨਾਮ

ਧੰਨ ਧੰਨ ਜਗਤ ਗੁਰੂ ਰਵਿਦਾਸ ਜੀ ਮਹਾਰਾਜ, ਧੰਨ ਧੰਨ ਸਤਿਗੁਰੂ ਬਾਲਮੀਕ ਜੀ ਮਹਾਰਾਜ, ਧੰਨ ਧੰਨ ਸਤਿਗੁਰੂ ਨਾਮਦੇਵ ਜੀ ਮਹਾਰਾਜ, ਧੰਨ ਧੰਨ ਸਤਿਗੁਰੂ ਕਬੀਰ ਜੀ ਮਹਾਰਾਜ, ਧੰਨ ਧੰਨ ਸਤਿਗੁਰੂ ਸੈਨ ਜੀ ਮਹਾਰਾਜ, ਧੰਨ ਧੰਨ ਸਤਿਗੁਰੂ ਬਾਬਾ ਫਰੀਦ ਜੀ ਮਹਾਰਾਜ, ਧੰਨ ਧੰਨ ਸ਼੍ਰੀ ਚੰਦ ਜੀ ਮਹਾਰਾਜ, ਧੰਨ ਧੰਨ ਸੰਤ ਮੀਰਾ ਬਾਈ ਜੀ ਮਹਾਰਾਜ, ਧੰਨ ਧੰਨ ਸਤਿਗੁਰੂ ਰੰਕਾ ਜੀ ਮਹਾਰਾਜ, ਧੰਨ ਧੰਨ ਸਤਿਗੁਰੂ ਬੰਕਾ ਜੀ ਮਹਾਰਾਜ, ਧੰਨ ਧੰਨ ਸੰਤ ਭਿਲਣੀ ਜੀ ਮਹਾਰਾਜ ਸਾਰੇ ਮਹਾਂਪੁਰਸ਼ਾਂ ਦੇ ਚਰਨ ਕਮਲਾਂ ਵੱਲ ਅਤੇ ਸੇਵਾ ਸਿਮਰਨ ਦੀ ਕਮਾਈ ਦਾ ਧਿਆਨ ਧਰ ਕੇ

ਜਪੋ ਜੀ ਸਤਿਨਾਮ

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਸਥਾਨ ਸੀਰ ਗੋਵਰਧਨਪੁਰ ਵਾਰਾਨਸੀ, ਬੇਗਮਪੁਰਾ ਹਰਿਦੁਆਰ, ਡੇਰਾ ਸੱਚਖੰਡ ਬੱਲਾਂ ਸਭੇ ਗੁਰਧਾਮਾਂ ਦਾ ਧਿਆਨ ਧਰ ਕੇ

ਜਪੋ ਜੀ ਸਤਿਨਾਮ

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ, ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ, ਜਨ ਕਉ ਪੂਰਨੁ ਦੀਜੈ ॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ, ਕਾਰਨ ਕਵਨ ਅਬੋਲ ॥ ਰਹਾਉ ॥
ਬਹੁਤ ਜਨਮ ਬਿਛੁਰੇ ਥੇ ਮਾਧਉ, ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ, ਚਿਰ ਭਇਓ ਦਰਸਨੁ ਦੇਖੇ ॥

ਧੰਨ ਧੰਨ ਜਗਤ ਗੁਰੂ ਰਵਿਦਾਸ ਜੀ ਮਹਾਰਾਜ
ਆਪ ਜੀ ਦੇ ਚਰਨ ਕਮਲਾਂ ਵਿਚ ਅਰਦਾਸ ਹੈ ਜੀ..........................
ਆਪ ਜੀ ਦੀ ਰਸਨਾ ਵਾਸਤੇ ਪਰਸ਼ਾਦ ਹਾਜ਼ਿਰ ਹੈ ਜੀ
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ, ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥
ਆਪ ਜੀ ਦੇ ਨਾਮ ਦਾ ਭੋਗ ਲੱਗੇ ਜੀ ਪਰਸ਼ਾਦ ਸਾਧ ਸੰਗਤ ਨੂੰ ਵਰਤੇ ਜੀ
ਜਗਤ ਗੁਰੂ ਰਵਿਦਾਸ ਜੀ ਮਹਾਰਾਜ ਆਪ ਜੀ ਦੇ ਨਾਮ ਦੀ ਚੜ੍ਹਦੀ ਹੋਵੇ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ॥

# अरदास

## ॥ श्लोक ॥

हरि सो हीरा छाडि कै
करहि आन की आस॥
ते नर दोजक जाहिगे
सति भाखै रविदास॥

तोही मोही मोही तोही अंतरु कैसा॥ कनक कटिक जल तरंग जैसा॥१ ॥
जउ पै हम न पाप करंता अहे अनंता॥ पतित पावन नामु कैसे हुंता॥१ ।रहाउ॥
तुम्ह जु नाइक आछहु अंतरजामी॥ प्रभ ते जनु जानीजै जन ते सुआमी॥२ ॥
सरीरु आराधै मो कउ बीचारु देहू॥ रविदास सम दल समझावै कोऊ॥३ ॥

## जपो जी सतिनाम

हरि हरि हरि हरि हरि हरि हरे॥ हरि सिमरत जन गए निसतरि तरे॥१ ॥ रहाउ॥
हरि के नाम कबीर उजागर॥ जनम जनम के काटे कागर॥१ ॥
निमत नामदेउ दूधु पीआइआ॥ तउ जग जनम संकट नही आइआ॥२ ॥
जन रविदास राम रंगि राता॥ इउ गुर परसादि नरक नही जाता॥३ ॥५ ॥

## जपो जी सतिनाम

सुख सागरु सुरतर चिंतामनि कामधेनु बसि जा के॥
चारि पदारथ असट दसा सिधि नव निधि कर तल ता के॥१ ॥
हरि हरि हरि न जपहि रसना॥ अवर सभ तिआगि बचन रचना॥१ ॥ रहाउ॥
नाना खिआन पुरान बेद बिधि चउतीस अखर मांही॥
बिआस बिचारि कहिओ परमारथु राम नाम सरि नाही॥२ ॥
सहज समाधि उपाधि रहत फुनि बडै भागि लिव लागी॥
कहि रविदास प्रगासु रिदै धरि जनम मरन भै भागी॥३ ॥४॥

## जपो जी सतिनाम

ऐसी लाल तुझ बिनु कउनु करै॥ गरीब निवाजु गुसईआ मेरा माथै छत्रु धरै॥१ ॥ रहाउ॥
जा की छोति जगत कउ लागै ता पर तुहीं ढरै॥ नीचह ऊच करै मेरा गोबिंदु काहू ते न डरै॥१ ॥
नामदेव कबीरु तिलोचनु सधना सैनु तरै॥
कहि रविदासु सुनहु रे संतहु हरि जीउ ते सभै सरै॥२ ॥१ ॥

## जपो जी सतिनाम

दारिदु देखि सभ को हसै ऐसी दसा हमारी ॥ असट दसा सिधि कर तलै सभ क्रिपा तुमारी ॥१ ॥
तु जानत मै किछु नही भव खंडन राम ॥ सगल जीअ सरनागती प्रभ पूरन काम ॥१ ॥ रहाउ ॥
जो तेरी सरनागता तिन नाही भारु ॥ ऊच नीच तुम ते तरे आलजु संसारु ॥२ ॥
कहि रविदास अकथ कथा बहु काइ करीजै ॥ जैसा तू तैसा तुही किआ उपमा दीजै ॥३ ॥१ ॥

धन्य धन्य जगतगुरु रविदास जी महाराज, धन्य धन्य सतगुरु बालमीक जी महाराज, धन्य धन्य सतगुरु नामदेव जी महाराज, धन्य धन्य सतगुरु कबीर जी महाराज, धन्य धन्य सतगुरु सैन जी महाराज, धन्य धन्य सतगुरु बाबा फरीद जी महाराज, धन्य धन्य श्री चन्द जी महाराज, धन्य धन्य सन्त मीरा बाई जी महाराज, धन्य धन्य सतगुरु रंका जी महाराज, धन्य धन्य सतगुरु बंका जी महाराज, धन्य धन्य संत भिल्णी जी महाराज, सारे महांपुरुषों के चरणकमलों का और सेवा सिमरण की कमाई का ध्यान धर के

## जपो जी सतिनाम

जगत्‌गुरु रविदास महाराज जी के जन्म स्थान सीर गोवर्धनपुर वाराणसी, बेग़मपुरा हरिद्वार, डेरा सच्चखण्ड बल्लां सभ गुरधामों का ध्यान धर के

## जपो जी सतिनाम

हम सरि दीनु दइआलु न तुम सरि अब पतीआरु किआ कीजै ॥
बचनी तोर मोर मनु मानै जन कउ पूरनु दीजै ॥१ ॥
हउ बलि बलि जाउ रमईआ कारने ॥ कारन कवन अबोल ॥ रहाउ ॥
बहुत जनम बिछुरे थे माधउ इहु जनमु तुम्हारे लेखे ॥
कहि रविदास आस लगि जीवउ चिर भइओ दरसनु देखे ॥२ ॥१ ॥

धन्य धन्य जगत्‌गुरु रविदास जी महाराज
आप जी के चरणकमलों में अरदास बेनती है जी.................................
आप जी की रसना के लिए प्रसाद हाज़िर है जी
कहै रविदासु नामु तेरो आरती, सतिनाम है हरि भोग तुहारे।।
आप जी के नाम का भोग लगे जी प्रसाद साध संगत में वरते जी
जगत्‌गुरु रविदास जी महाराज आप जी के नाम की चड़दी होए कला तेरे भाणे सरबत दा भला